The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
Contact : Raj 021 8740 730, 0800 253 2687
www.redcleaning.co.nz



19 November 2018 Daily, editornztasveer@gmail.com designnztasveer@gmail.com Ph/Fax: 09 390 4644 FREE


## ਨਿਊਜੀਲੈਂਡ 'ਚ ਪੰਜਾਬੀ ਟੈਕਸੀ ਡਰਾਈਵਰ ਨੂੰ ਔਰਤ ਨਾਲ ਛੇੜਖਾਨੀ ਕਾਰਨ 7 ਦਸੰਬਰ ਨੂੰ ਹੋਵੇਗੀ ਸਜਾ




ਆਕਲੈਂਡ (ਐਨਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਟੈਕਸੀ ਡਰਾਈਵਰ ਮਨਦੀਪ ਸਿੰਘ ਨੂੰ ਇੱਕ ਮਹਿਲਾ 'ਤੇ ਅਸ਼ਲੀਲ ਹਮਲਾ ਕਰਨ ਦੇ ਦੋਸ਼ ਹੇਠ ਅਗਲੇ ਮਹੀਨੇ 07 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਦੱਸਣਯੋਗ ਹੈ ਕਿ ਉਸ 'ਤੇ ਇਹ ਦੋਸ਼ ਸਾਬਿਤ ਹੋ ਚੁੱਕੇ ਹਨ। ਮਨਦੀਪ ਸਿੰਘ ਵੱਲੋਂ 25 ਅਗਸਤ ਦੀ ਸਵੇਰ ਵੇਲੇ ਆਪਣੀ ਟੈਕਸੀ ਵਿੱਚ ਬੈਠੀ ਇੱਕ ਮਹਿਲਾ ਸਵਾਰੀ ਦੇ ਨਾਲ ਛੇੜਖਾਨੀ ਕੀਤੀ। ਇਸ ਦੌਰਾਨ ਮਹਿਲਾ ਵੱਲੋਂ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਵੀ ਗਿਆ, ਪਰ ਮਨਦੀਪ ਸਿੰਘ ਆਪਣੀ ਹਰਕਤਾਂ ਤੋਂ ਨਾ ਬਾਜ ਨਾ ਆਇਆ ਅਤੇ ਮਹਿਲਾ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਮਨਦੀਪ ਨੇ ਮਹਿਲਾ ਤੋਂ ਉਸਦਾ ਨੰਬਰ ਵੀ ਮੰਗਿਆ। ਇਸ ਸੰਬੰਧਿਤ ਰੋਟੋਰੂਆ ਟੈਕਸੀਜ ਦੇ ਚੇਅਰਮੈਨ ਕੇਨ ਡਰਾਈਵਰ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਰਾਤ ਦੀ ਟੈਕਸੀ ਦੀ ਵੀਡੀਓ ਦੇਖੀ ਸੀ ਅਤੇ ਉਸ ਵਲੋਂ ਮਨਦੀਪ ਨੂੰ ਉਸੇ ਵੇਲੇ ਸਸਪੈਂਡ ਕਰ ਦਿੱਤਾ ਗਿਆ ਸੀ ਅਤੇ ਇਸ ਦੇ ਨਾਲ ਹੀ ਉਸ ਦਾ ਕਮਰਸ਼ਲ ਲਾਇਸੈਂਸ ਵੀ ਰੱਦ ਕਰਵਾ ਦਿੱਤਾ ਗਿਆ ਸੀ।

## ਨਿਊਜ਼ੀਲੈਂਡ 'ਚ ਭਾਰਤੀ ਮੂਲ ਦੀ 26 ਸਾਲਾ ਕੁੜੀ ਲਾਪਤਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ):ਨਿਊਜੀਲੈਂਡ ਦੇ ਵੈਲਿੰਗਟਨ ਰਹਿੰਦੀ ਗਰਭਵਤੀ ਮਹਿਲਾ ਸੋਨਮ ਸਲੇਰ 26 ਉਮਰ ਬੀਤੇ ਸ਼ਨੀਵਾਰ ਤੋਂ ਹੀ ਲਾਪਤਾ ਹੈ। ਇਸ ਬਾਰੇ ਸਥਾਂਨਿਕ ਪੁਲਿਸ ਵੱਲੋਂ ਆਮ ਲੋਕਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਜੇਕਰ ਕਿਸੇ ਨੂੰ ਸੋਨਮ ਸਬੰਧੀ ਪਤਾ ਹੋਵੇ ਤਾਂ ਉਹ ਤੁਰੰਤ ਪੁਲਸ ਨੂੰ 04 481 2000 ਇਸ ਨੰਬਰ ਤੇ ਸੰਪਰਕ ਕਰੇ।ਵਰਣਨਯੋਗ ਹੈ ਕਿ ਸੋਨਮ ਦੇ ਪਤੀ ਸਾਗਰ ਸਲੇਰ ਅਨੁਸਾਰ ਸੋਨਮ ਆਪਣੇ ਅਲਟ੍ਰਾਸਾਊਂਡ ਨੂੰ ਲੈ ਕੇ ਨਾਰਾਜ਼ ਸੀ, ਕਿਉਂਕਿ ਅਲਟਰਾਸਾਊਂਡ ਕਰਵਾਉਣ 'ਤੇ ਉਸ ਨੂੰ ਪਤਾ ਲੱਗਿਆ ਸੀ ਕਿ ਉਸਦੇ ਗਰਭ ਵਿੱਚ ਇੱਕ ਬੱਚੀ ਹੈ ਜਦਕਿ ਸੋਨਮ ਦੀ ਇੱਛਾ ਦੀ ਸੀ ਕਿ ਉਹ ਇੱਕ ਲੜਕੇ ਨੂੰ ਜਨਮ ਦੇਵੇ ਅਤੇ ਸੋਨਮ ਦੇ ਪਤੀ ਅਨੁਸਾਰ ਉਹ ਇਸ ਗੱਲ ਨੂੰ ਨਾ ਲੈ ਕੇ ਕਾਫ਼ੀ ਡਿਪ੍ਰੈਸ ਹੋ ਗਏ ਸੀ।

ਸ਼ਨੀਵਾਰ ਦੀ ਸਵੇਰ ਉਹ ਉਸ ਨੂੰ ਘਰ ਛੱਡ ਕੇ ਕੰਮ 'ਤੇ ਗਿਆ ਸੀ, ਪਰ ਵਾਪਸੀ ਤੇ ਉਹ ਘਰ ਨਹੀਂ ਸੀ ਅਤੇ ਘਰ ਵਿੱਚੋਂ ਸਿਰਫ ਉਸ ਦੇ ਦੋ ਫੋਨ ਅਤੇ $20 ਹੀ ਗਾਇਬ ਸਨ। ਘਰ ਦੀਆਂ ਚਾਬੀਆਂ ਦਰਵਾਜੇ ਦੇ ਪਿੱਛੇ ਲੱਗੀਆਂ ਸਨ ਅਤੇ ਦਰਵਾਜਾ ਸਿਰਫ ਢੁਕਿਆ ਹੋਇਆ ਸੀ।

## ਟਾਕਾਨੀਨੀ ਗੁਰਦੁਆਰਾ ਸਾਹਿਬ 'ਚ ਪਾਣੀ ਲਈ ਵੱਡੇ ਟੈਂਕ ਲਗਾਏ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਡੇਢ ਲੱਖ ਲੀਟਰ ਕਪੈਸਿਟੀ ਵਾਲੇ ਪਾਣੀ ਦੇ ਤਿੰਨ ਟੈਂਕ ਸਥਾਪਿਤ ਹੋ ਗਏ ਹਨ । ਇਸ ਬਾਰੇ ਪ੍ਰਬੰਧਕਾਂ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰਾਜੈਕਟ ਉੱਤੇ ਲੱਗਭਗ ਅੱਧੇ ਮਿਲੀਅਨ ਡਾਲਰ ਦਾ ਖਰਚਾ ਆ ਚੁੱਕਾ ਹੈ ਅਤੇ ਇਸ ਦੇ ਲਈ ਕਈ ਸੰਸਥਾਵਾਂ ਅਤੇ ਸਰਬੱਤ ਸੰਗਤ ਵੱਲੋਂ ਅਹਿਮ ਯੋਗਦਾਨ ਪਾਇਆ ਗਿਆ ।ਇਸ ਦੇ ਲਈ 930 ਫੁੱਟ ਡੂੰਗੇ ਦੋ ਬੋਰ ਕੀਤੇ ਗਏ ਹਨ। ਅਤੇ ਸਿਰਫ ਪਾਣੀ ਨੂੰ ਟਰੀਟ ਕਰਨ ਦਾ ਟਰੀਟਮੈਂਟ ਪਲਾਂਟ ਲੱਗਣ ਦਾ ਕੰਮ ਬਾਕੀ ਰਹਿ ਗਿਆ ਹੈ ਅਤੇ ਇਹ ਕੰਮ ਥਿੰਕ ਵਾਟਰ ਵਲੋਂ ਅਗਲੇ 10 ਦਿਨਾਂ ਵਿੱਚ ਪੂਰਾ ਹੋ ਜਾਏਗਾ। ਪਾਣੀ ਦੀ ਸਪਲਾਈ ਗੁਰਦੁਆਰਾ ਸਾਹਿਬ, ਵੈਜੀ ਗਾਰਡਨ, ਚਾਲਡ ਕੇਅਰ, ਸਪੋਰਟਸ ਫੀਲਡ ਅਤੇ ਬਿਰਧ ਆਸ਼ਰਮ ਲਈ ਹੋਵੇਗੀ । ਇਸ ਨਾਲ ਜਿੱਥੇ ਪਾਣੀ ਕਿਲੱਤ ਤੋਂ ਨਿਜਾਤ ਮਿਲੇਗੀ ਉੱਥੇ ਹੀ ਗੁਰਦੁਆਰਾ ਸਾਹਿਬ ਨੂੰ ਲੱਗਭਗ 70-80 ਹਜਾਰ ਡਾਲਰ ਸਲਾਨਾ ਦੀ ਬਚਤ ਹੋਵੇਗੀ । ਸੁਪਰੀਮ ਸਿੱਖ ਸੁਸਾਇਟੀ ਦੀ ਪ੍ਰਬੰਧਕੀ ਕਮੇਟੀ ਵਲੋ ਇਨ੍ਹਾਂ ਕਾਰਜਾਂ ਲਈ ਦਾਤੇ ਦਾ ਸ਼ੁਕਰਾਨਾ ਕਰਦੇ ਸੰਗਤਾਂ ਨਾਲ ਖੁਸ਼ੀ ਸਾਝੀ ਕੀਤੀ ਗਈ ।

## ਨਿਊਜ਼ੀਲੈਂਡ-ਏ ਨੇ ਭਾਰਤ-ਏ ਵਿਰੁੱਧ ਬਣਾਈਆਂ 458 ਦੌੜਾਂ



ਮਾਊਂਟ ਮਾਨਗਨੂਈ- ਨਿਊਜ਼ੀਲੈਂਡ-ਏ ਦੇ ਬੱਲੇਬਾਜ਼ਾਂ ਨੇ ਭਾਰਤ-ਏ ਵਿਰੁੱਧ ਪਹਿਲੇ ਗੈਰ-ਅਧਿਕਾਰਤ ਟੈਸਟ ਮੈਚ ਦੇ ਤੀਜੇ ਦਿਨ ਐਤਵਾਰ ਨੂੰ ਜੰਮ ਕੇ ਬੱਲੇਬਾਜ਼ੀ ਕਰਦਿਆਂ 9 ਵਿਕਟਾਂ 'ਤੇ 458 ਦੌੜਾਂ ਬਣਾ ਕੇ ਆਪਣੀ ਪਹਿਲੀ ਪਾਰੀ ਖਤਮ ਐਲਾਨ ਕਰ ਦਿੱਤੀ। ਭਾਰਤ-ਏ ਟੀਮ ਨੇ ਆਪਣੀ ਪਹਿਲੀ ਪਾਰੀ 8 ਵਿਕਟਾਂ 'ਤੇ 467 ਦੌੜਾਂ ਬਣਾ ਕੇ ਖਤਮ ਐਲਾਨ ਕੀਤੀ ਸੀ। ਭਾਰਤ-ਏ ਨੂੰ ਇਸ ਤਰ੍ਹਾਂ ਨਾਲ 9 ਦੌੜਾਂ ਦੀ ਬੜ੍ਹਤ ਮਿਲੀ ਤੇ ਉਸ ਨੇ ਆਪਣੀ ਦੂਜੀ ਪਾਰੀ ਵਿਚ ਦਿਨ ਦੀ ਖੇਡ ਖਤਮ ਹੋਣ ਤਕ 8 ਓਵਰਾਂ ਵਿਚ ਬਿਨਾਂ ਕੋਈ ਵਿਕਟ ਗੁਆਏ 35 ਦੌੜਾਂ ਬਣਾ ਲਈਆਂ ਹਨ। ਭਾਰਤ-ਏ ਦੀ ਕੁਲ ਬੜ੍ਹਤ 44 ਦੌੜਾਂ ਦੀ ਹੋ ਗਈ ਹੈ। ਮੈਚ ਵਿਚ ਇਕ ਦਿਨ ਦੀ ਖੇਡ ਬਾਕੀ ਹੈ ਤੇ ਮੈਚ ਡਰਾਅ ਵੱਲ ਵੱਧ ਰਿਹਾ ਹੈ।

## ਸਟ੍ਰਾਬੇਰੀ ਚੋਰੀ ਹੋਣ ਕਰਕੇ ਆਪਣੀ ਮਰਜ਼ੀ ਨਾਲ ਸਟ੍ਰਾਬੇਰੀ ਚੁਣਨ ਦੀ ਸਹੂਲਤ ਬੰਦ ਕੀਤੀ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) : ਵੈਂਗਨੂਈ ਦੇ ਮਸ਼ਹੂਰ ਸਟ੍ਰਾਬੇਰੀ ਫਾਰਮ ਵਿੰਡ ਮੀਅਰ ਬੇਰੀ ਫਾਰਮ ਵਲੋਂ ਲੋਕਾਂ ਨੂੰ ਆਪਣੇ ਫਾਰਮ ਤੇ ਕੁਝ ਪੈਸੇ ਲੈ ਕੇ ਆਪਣੀ ਮਰਜ਼ੀ ਨਾਲ ਸਟ੍ਰਾਬੇਰੀ ਚੁਣਨ ਦੀ ਸਹੂਲਤ ਦਿੱਤੀ ਜਾਂਦੀ ਸੀ ਅਤੇ ਅਜਿਹਾ ਇਸ ਲਈ ਕੀਤਾ ਜਾਂਦਾ ਸੀ ਤਾਂ ਜੋ ਲੋਕ ਆਪਣੇ ਪਰਿਵਾਰਾਂ ਨਾਲ ਇੱਥੇ ਆਨੰਦ ਮਾਣ ਸਕਣ ? ਪਰ ਹੁਣ ਫਾਰਮ ਵਲੋਂ ਲੋਕਾਂ ਦੇ ਫਾਰਮ ਤੇ ਆਉਣ ਦੀ ਮਨਾਹੀ ਕਰ ਦਿੱਤੀ ਗਈ ਹੈ ? ਕੈਫੇ ਮੈਨੇਜਰ ਮੈਥੀ ਬਾੱਸਵੈੱਲ ਨੇ ਦੱਸਿਆ ਕਿ ਸਾਡੇ ਵੱਲੋਂ ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਲੋਕ ਲੋੜ ਤੋਂ ਵੱਧ ਸਟ੍ਰਾਅਬੇਰੀ ਦੀਆਂ ਚੋਰੀ ਕਰ ਲੈਂਦੇ ਸਨ ? ਜਿਸਦੇ ਚੱਲਦਿਆ ਕਾਫ਼ੀ ਨੁਕਸਾਨ ਹੋ ਰਿਹਾ ਸੀ ਅਤੇ ਕਈ ਵਾਰੀ ਦਿਹਾੜੀ ਦੀਆਂ ਨੂੰ 20-20 ਕਿਲੋ ਦੀ ਠੱਗੀ ਵੱਜਦੀ ਸੀ ? ਜਿਸ ਨਾਲ ਰੋਜ਼ਾਨਾਂ ਦਾ ਉਨ੍ਹਾਂ ਦਾ ਹਜ਼ਾਰਾਂ ਡਾਲਰਾਂ ਦਾ ਨੁਕਸਾਨ ਹੋ ਰਿਹਾ ਸੀ ਅਤੇ ਇਸੇ ਦੇ ਚਲਦਿਆਂ ਫਾਰਮ ਵਲੋਂ ਇਹ ਫ਼ੈਸਲਾ ਲਿਆ ਗਿਆ ਹੈ ।

## ਬੱਬਰ ਖਾਲਸਾ ਦੇ ਨਾਮ 'ਤੇ ਫਿਰੌਤੀ ਮੰਗਣ ਦੇ ਮਾਮਲੇ 'ਚ ਪੁਲਸ ਨੇ ਨੱਪੀ ਪੈੜ !

ਚੰਡੀਗੜ੍ਹ (ਐੱਨ ਜੈੱਡ ਤਸਵੀਰ ਬਿਊਰੋ) ਪਿਛਲੀ ਦਿਨੀਂ ਸ਼ਹਿਰ ਦੇ ਇਕ ਵਪਾਰੀ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਂ 'ਤੇ ਮਿਲੇ ਧਮਕੀ ਪੱਤਰ ਦੇ ਮਾਮਲੇ ਵਿਚ ਪੁਲਸ ਨੂੰ ਵੱਡੀ ਕਾਮਯਾਬੀ ਮਿਲਣ ਦੀ ਚਰਚਾ ਹੈ। ਜਾਣਕਾਰੀ ਅਨੁਸਾਰ ਪੁਲਸ ਨੇ ਇਸ ਮਾਮਲੇ ਵਿਚ ਜ਼ਿੰਮੇਵਾਰ ਗਿਰੋਹ ਦੀ ਪੈੜ ਨੱਪ ਲਈ ਹੈ ਅਤੇ ਗਿਰੋਹ ਦੇ ਸਰਗਣੇ ਨੂੰ ਕਾਬੂ ਕਰਕੇ ਜਾਂਚ ਜਾਰੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮਲੋਟ ਦੇ ਮੇਨ ਬਾਜ਼ਾਰ ਵਿਚ ਤਿੰਨ ਨੰਬਰ ਗਲੀ ਵਾਸੀ ਅਤੇ ਵਪਾਰੀ ਰਾਜ ਕੁਮਾਰ ਦੇ ਘਰ ਕੁਝ ਵਿਅਕਤੀਆਂ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਲੈਟਰ ਪੈਡ 'ਤੇ ਇਕ ਚਿੱਠੀ ਸੁੱਟ ਦਿੱਤੀ ਸੀ ਜਿਸ ਵਿਚ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ । ਇਸ ਮਾਮਲੇ ਵਿਚ ਸਿਟੀ ਮਲੋਟ ਪੁਲਸ ਨੇ 8 ਨਵੰਬਰ ਨੂੰ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਸੀ। ਜਾਣਕਾਰੀ ਅਨੁਸਾਰ ਪੁਲਸ ਨੂੰ ਇਸ ਮਾਮਲੇ ਵਿਚ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਪੁਲਸ ਨੇ ਸੀ.ਸੀ.ਟੀ.ਵੀ.ਫੁਟੇਜ ਦੇ ਆਧਾਰ 'ਤੇ ਦੋਸ਼ੀਆਂ ਦੀ ਪੈੜ ਨੱਪਦੇ ਹੋਏ ਜ਼ਿੰਮੇਵਾਰ ਇਕ ਵਿਅਕਤੀ ਨੂੰ ਕਾਬੂ ਕਰ ਲਿਆ। ਇਸ ਮਾਮਲੇ ਵਿਚ ਪੁਲਸ ਕੁਝ ਕਹਿਣ ਨੂੰ ਤਿਆਰ ਨਹੀਂ ਹੈ, ਇਸ ਲਈ ਇਹ ਪਤਾ ਨਹੀਂ ਲੱਗ ਸਕਿਆ ਕਿ ਉਕਤ ਵਿਅਕਤੀ ਦਾ ਕਿਸੇ ਅੱਤਵਾਦੀ ਜਥਬੰਦੀ ਨਾਲ ਕੋਈ ਸੰਬੰਧ ਸੀ ਜਾਂ ਸਿਰਫ ਪੈਸੇ ਹਾਸਲ ਕਰਨ ਲਈ ਉਸਨੇ ਉਕਤ ਘਟਨਾ ਨੂੰ ਅੰਜਾਮ ਦਿੱਤਾ। ਭਾਵੇਂ ਪੁਲਸ ਅਗਲੇ ਦਿਨਾਂ ਵਿਚ ਇਸ ਮਾਮਲੇ 'ਚ ਵੱਡੇ ਖੁਲਾਸੇ ਕਰ ਸਕਦੀ ਹੈ ਪਰ ਪਤਾ ਲੱਗਾ ਹੈ ਕਿ ਪੁਲਸ ਨੇ ਜਿਸ ਵਿਅਕਤੀ ਨੂੰ ਕਾਬੂ ਕੀਤਾ ਹੈ, ਉਹ ਵੱਡੇ ਸਿਆਸੀ ਰਸੂਖ ਅਤੇ ਸਮਾਜਿਕ ਰੁਤਬੇ ਵਾਲਾ ਵਿਅਕਤੀ ਹੈ।

## ਜਾਣੋ ਬੰਬ ਧਮਾਕਿਆਂ ਨਾਲ ਕਦੋਂ-ਕਦੋਂ ਦਹਿਲਿਆ ਪੰਜਾਬ

ਅੰਮ੍ਰਿਤਸਰ - ਅੰਮ੍ਰਿਤਸਰ ਦੇ ਰਾਜਾਸਾਂਸੀ 'ਚ ਨਿਰੰਕਾਰੀ ਭਵਨ 'ਚ ਸਤਸੰਗ ਦੌਰਾਨ ਹੋਏ ਧਮਾਕੇ ਨੇ ਪੂਰਾ ਪੰਜਾਬ ਦਹਿਲਾ ਕੇ ਰੱਖ ਦਿੱਤਾ ਹੈ। ਇਹ ਹੀ ਨਹੀਂ ਇਸ ਤੋਂ ਪਹਿਲਾਂ ਕਈ ਵਾਰ ਪੰਜਾਬ ਇਸ ਤਰ੍ਹਾਂ ਦੇ ਹਮਲਿਆਂ ਨਾਲ ਦਹਿਲ ਚੁੱਕਾ ਹੈ। ਤੁਹਾਨੂੰ ਦੱਸਦੇ ਹਾਂ ਇਸ ਤੋਂ ਪਹਿਲਾਂ ਪੰਜਾਬ ਦੇ ਕਿਹੜੇ-ਕਿਹੜੇ ਜ਼ਿਲਿਆਂ 'ਚ ਵਾਪਰੇ ਦਿਲ-ਦਹਿਲਾ ਦੇਣ ਵਾਲੇ ਹਾਦਸੇ।

**ਪਠਾਨਕੋਟ ਬੰਬ ਧਮਾਕਾ**

ਜਨਵਰੀ 2016 'ਚ ਪਠਾਨਕੋਟ ਦੇ ਏਅਰਫੋਰਸ ਸਟੇਸ਼ਨ 'ਤੇ 7 ਅੱਤਵਾਦੀਆਂ ਵਲੋਂ ਹਮਲਾ ਕੀਤਾ ਗਿਆ। ਇਹ ਕਾਰਵਾਈ ਲਗਾਤਾਰ 17 ਘੰਟੇ ਚਲਦੀ ਰਹੀ। ਇਸ ਹਮਲੇ ਦੌਰਾਨ 4 ਅੱਤਵਾਦੀ ਮਾਰੇ ਗਏ ਤੇ 6 ਫੌਜ਼ੀ ਸ਼ਹੀਦ ਹੋ ਗਏ ਸਨ। ਇਹ ਕਾਰਵਾਈ 4 ਜਨਵਰੀ ਨੂੰ ਵੀ ਜਾਰੀ ਰਹੀ ਤੇ ਇਕ ਬੰਬ ਨੂੰ ਡਿਫੀਊਜ਼ ਕਰਦੇ ਸਮੇਂ ਹੋਏ ਧਮਾਕੇ ਦੌਰਾਨ ਫੌਜ ਦੇ ਇਕ ਸੀਨੀਅਰ ਅਧਿਕਾਰੀ ਨਿਰੰਜਨ ਸਿੰਘ ਵੀ ਸ਼ਹੀਦ ਹੋ ਗਏ ਸਨ।

**ਮੌੜ ਮੰਡੀ ਬੰਬ ਧਮਾਕਾ**

ਜਨਵਰੀ 2017 'ਚ ਬਠਿੰਡਾ ਦੀ ਮੌੜ ਮੰਡੀ 'ਚ ਇਕ ਕਾਰ 'ਚ ਹੋਏ ਧਮਾਕੇ ਦੌਰਾਨ ਤਿੰਨ ਦੀ ਮੌਤ ਹੋ ਗਈ ਤੇ 15 ਵਿਅਕਤੀ ਜ਼ਖਮੀ ਹੋ ਗਏ ਸਨ, ਜਿਥੇ ਇਹ ਧਮਾਕਾ ਹੋਇਆ ਉਥੋਂ 100 ਮੀਟਰ ਦੀ ਦੂਰੀ 'ਤੇ ਕਾਂਗਰਸੀ ਉਮੀਦਵਾਰ ਹਰਮਿੰਦਰ ਜੱਸੀ ਦੀ ਰੈਲੀ ਚੱਲ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਕਾਰ 'ਚ ਲੱਗੀ ਗੈਸ ਕਿੱਟ ਦੇ ਕਾਰਨ ਹੋਇਆ ਪਰ ਕੁਝ ਵਿਅਕਤੀਆਂ ਵਲੋਂ ਦੋਸ਼ ਲਗਾਇਆ ਗਿਆ ਕਿ ਉਕਤ ਧਮਾਕਾ ਡੇਰਾ ਸਿਰਸਾ ਦੇ ਇਸ਼ਾਰੇ 'ਤੇ ਕਰਵਾਇਆ ਗਿਆ ਸੀ।

**ਗੁਰਦਾਸਪੁਰ ਬੰਬ ਧਮਾਕਾ**

ਅਪ੍ਰੈਲ 2017 ਗੁਰਦਾਸਪੁਰ 'ਚ ਸਥਿਤ ਇਕ ਕਬਾੜ ਦੀ ਦੁਕਾਨ 'ਚ ਅਚਾਨਕ ਬੰਬ ਧਮਾਕਾ ਹੋਣ ਨਾਲ ਦੋ ਵਿਅਕਤੀਆਂ ਦੀ ਮੌਤ ਤੇ 6 ਲੋਕ ਜ਼ਖਮੀ ਹੋ ਗਏ ਸਨ। ਇਹ ਹਾਦਸਾ ਉਸ ਸਮੇਂ ਵਾਪਰਿਆ ਸੀ ਜਦੋਂ ਕਬਾੜੀਆਂ ਕਿਸੇ ਚੀਜ਼ ਨੂੰ ਚੈੱਕ ਕਰ ਰਿਹਾ ਸੀ ਤੇ ਅਚਾਨਕ ਬਲਾਸਟ ਹੋਣ ਗਿਆ।

**ਜਲੰਧਰ ਬੰਬ ਧਮਾਕਾ**

ਸਤਬੰਰ 2018 'ਚ ਜਲੰਧਰ ਦੇ ਮਕਸੂਦਾ ਥਾਣੇ ਅੰਦਰ ਕੁਝ ਸ਼ਰਾਰਤੀ ਅਨਸਰਾਂ ਵਲੋਂ ਚਾਰ ਧਮਾਕੇ ਕੀਤੇ ਗਏ, ਜਿਸ ਦੌਰਾਨ ਥਾਣੇ ਅੰਦਰ ਤੇ ਉਸ ਦੇ ਆਲੇ-ਦੁਆਲੇ ਭਗਦੜ ਮੱਚ ਗਈ। ਇਸ ਹਾਦਸੇ ਦੌਰਾਨ ਇਕ ਪੁਲਸ ਕਰਮੀ ਜ਼ਖਮੀ ਹੋ ਗਿਆ ਸੀ ਤੇ ਪੁਲਸ ਵਲੋਂ ਇਸ ਘਟਨਾ ਨੂੰ ਅੱਤਵਾਦੀ ਹਮਲੇ ਨਾਲ ਜੋੜੇ ਕੇ ਦੇਖ ਰਹੀ ਸੀ, ਜਿਸ ਤੋਂ ਕੁਝ ਮਹੀਨੇ ਬਾਅਦ ਪੁਲਸ ਵਲੋਂ ਕਸ਼ਮੀਰੀ ਵਿਦਿਆਰਥੀਆਂ ਨੂੰ ਅਸਲੇ ਤੇ ਧਮਾਕਾਖੇਜ ਸਮੱਗਰੀ ਸਮੇਤ ਗ੍ਰਿਫਤਾਰ ਕੀਤਾ ਗਿਆ।

ਇੰਟੈਲੀਜੈਂਸ ਵਲੋਂ ਅੱਤਵਾਦੀ ਹਮਲਾ ਹੋਣ ਦਾ ਖਦਸ਼ਾ ਜਤਾਇਆ ਗਿਆ ਸੀ, ਜਿਸ ਲਈ ਪੰਜਾਬ 'ਚ ਹਾਈ ਅਲਰਟ ਦਾ ਐਲਾਨ ਵੀ ਕਰ ਦਿੱਤਾ ਗਿਆ ਸੀ ਬਾਵਜੂਦ ਇਸ ਦੇ ਅਜਿਹੀ ਮੰਦਭਾਗੀ ਘਟਨਾ ਦੇ ਵਾਪਰਨ ਨਾਲ ਪੁਲਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ 'ਚ ਆ ਗਈ ਹੈ।

## ਸਾਇਬਰ ਸੁਰੱਖਿਆ ਮੰਤਰੀ ਜਿਸ ਨੇ ਕਦੇ ਕੰਪਿਊਟਰ ਚਲਾਇਆ ਹੀ ਨਹੀਂ

ਟੋਕੀਓ — ਕਿਸੇ ਮੰਤਰੀ ਨੂੰ ਕਿਸੇ ਮੰਤਰਾਲੇ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ ਤਾਂ ਉਮੀਦ ਹੁੰਦੀ ਹੈ ਕਿ ਉਹ ਮੰਤਰੀ ਭਾਂਵੇ ਉਸ ਵਿਸ਼ੇ 'ਚ ਮਾਹਿਰ ਨਾ ਹੋਵੇ ਪਰ ਆਧਾਰਭੂਤ ਸਮਝ ਤਾਂ ਜ਼ਰੂਰ ਹੋਵੇਗਾ। ਪਰ ਜਾਪਾਨ ਦੇ ਸਾਇਬਰ ਸੁਰੱਖਿਆ ਮੰਤਰੀ ਨੇ ਆਪਣੇ ਦੇਸ਼ ਲਈ ਉਦੋਂ ਮੁਸ਼ਕਿਲ ਖੜ੍ਹੀ ਕਰ ਦਿੱਤੀ ਜਦੋਂ ਉਨ੍ਹਾਂ ਕਿਹਾ ਕਿ ਉਨ੍ਹਾਂ ਕਦੇ ਕੰਪਿਊਟਰ ਦਾ ਇਸਤੇਮਾਲ ਨਹੀਂ ਕੀਤਾ ਹੈ। ਸਾਇਬਰ ਸੁਰੱਖਿਆ ਮੰਤਰੀ ਯੋਸ਼ਿਟਾਕਾ ਸੇਕੁਰਾਡਾ ਨੇ ਇਹ ਗੱਲ ਕਾਨੂੰਨ ਬਣਾਉਣ ਵਾਲੀ ਕਮੇਟੀ ਦੇ ਸਾਹਮਣੇ ਕਹੀ। ਕਿਊਡੋ ਨਿਊਜ਼ ਏਜੰਸੀ 'ਚ ਛਪੀ ਖਬਰ ਮੁਤਾਬਕ, 'ਕਿਉਂਕਿ ਮੈਂ 25 ਦਾ ਸੀ ਅਤੇ ਆਜ਼ਾਦ ਸੀ ਮੈਂ ਆਪਣੇ ਸਟਾਫ ਅਤੇ ਸਕੱਤਰਾਂ ਨੂੰ ਨਿਰਦੇਸ਼ ਦਿੱਤੇ ਹਨ। ਮੈਂ ਕਦੇ ਆਪਣੀ ਜ਼ਿੰਦਗੀ 'ਚ ਕੰਪਿਊਟਰ ਦਾ ਇਸਤੇਮਾਲ ਨਹੀਂ ਕੀਤਾ। 68 ਸਾਲ ਦੇ ਯੋਸ਼ਿਟਾਕਾ ਨੂੰ ਬੀਤੇ ਮਹੀਨੇ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ ਟੋਕੀਓ 'ਚ ਆਯੋਜਿਤ ਹੋਣ ਵਾਲੇ 2020 ਓਲੰਪਿਕ ਖੇਡਾਂ ਨਾਲ ਜੁੜੀਆਂ ਸਾਇਬਰ ਸੁਰੱਖਿਆ ਤਿਆਰੀਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਮਸਾਟੋ ਇਮਾਏ ਨੇ ਯੋਸ਼ਿਟਾਕਾ ਦੇ ਬਿਆਨ 'ਤੇ ਹੈਰਾਨੀ ਜਤਾਈ। ਉਨ੍ਹਾਂ ਦੇ ਹੀ ਇਕ ਸਵਾਲ ਦੇ ਜਵਾਬ 'ਚ ਯੋਸ਼ਿਟਾਕਾ ਨੇ ਕਿਹਾ ਸੀ ਕਿ ਕੰਪਿਊਟਰ ਤੋਂ ਦੂਰ ਰਹੇ ਹਨ। ਮਸਾਟੋ ਨੇ ਆਖਿਆ ਕਿ ਮੈਨੂੰ ਇਸ ਗੱਲ 'ਤੇ ਯਕੀਨ ਨਹੀਂ ਹੁੰਦਾ ਕਿ ਜਿਸ ਵਿਅਕਤੀ ਨੂੰ ਸਾਇਬਰ ਸੁਰੱਖਿਆ ਦੇਖਣੀ ਹੈ ਉਸ ਨੇ ਕੰਪਿਊਟਰ ਦਾ ਹੀ ਇਸਤੇਮਾਲ ਨਹੀਂ ਕੀਤਾ। ਪਰ ਇਸ 'ਤੇ ਯੋਸ਼ਿਟਾਕਾ ਦਾ ਕਹਿਣਾ ਹੈ ਕਿ ਦੂਜੇ ਅਧਿਕਾਰੀਆਂ ਕੋਲ ਕਾਫੀ ਅਨੁਭਵ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਇਸ ਨਾਲ ਕੋਈ ਸਮੱਸਿਆ ਨਹੀਂ ਹੋਵੇਗੀ। ਹਾਲਾਂਕਿ ਇਸ ਤੋਂ ਬਾਅਦ ਪੁੱਛੇ ਗਏ ਇਕ ਸਵਾਲ ਨੇ ਇਸ ਵਿਸ਼ੇ 'ਤੇ ਪਰੇਸ਼ਾਨੀ ਹੋਰ ਵਧਾ ਦਿੱਤੀ। ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਕੀ ਦੇਸ਼ ਦੇ ਪ੍ਰਮਾਣੂ ਊਰਜਾ ਕੇਂਦਰਾਂ 'ਚ ਯੂ.ਐੱਸ.ਬੀ.ਡਰਾਈਵ (ਪੈਨ ਡਰਾਈਵ) ਦਾ ਇਸਤੇਮਾਲ ਹੁੰਦਾ ਹੈ। ਇਸ ਦਾ ਜਵਾਬ ਦੇਣ 'ਚ ਉਨ੍ਹਾਂ ਨੂੰ ਕਾਫੀ ਮਸ਼ੱਕਤ ਕਰਨੀ ਪਈ। ਯੋਸ਼ਿਟਾਕਾ ਨੂੰ ਲੈ ਕੇ ਹਿ ਜਾਣਕਾਰੀ ਬਾਹਰ ਆਉਣ 'ਤੇ ਸ਼ੋਸ਼ਲ ਮੀਡੀਆ 'ਤੇ ਚਰਚਾ ਸ਼ੁਰੂ ਹੋ ਗਈ। ਕੁਝ ਲੋਕਾਂ ਨੇ ਇਸ 'ਤੇ ਹੈਰਾਨੀ ਜਤਾਈ ਤਾਂ ਕੁਝ ਨੇ ਇਹ ਕਹਿੰਦੇ ਹੋਏ ਮਖੌਲ ਕੀਤਾ ਕਿ ਘਟੋਂ-ਘੱਟ ਯੋਸ਼ਿਟਾਕਾ ਨੂੰ ਹੈੱਕ ਕੀਤਾ ਜਾਣਾ ਮੁਸ਼ਕਿਲ ਹੈ।




**Metrimonial**

Tonk Kashatriya, Sikh, 1985, 5'6", Qualification Mechatronics Engineering from NZ, Working in Mechanical Company in NZ, Siblings well settled in Australia and New Zealand. Required decent and educated Girl, Caste No Bar. Mb no. +64 21 136 7503